**Academe** *Journal of Education & Psychology*
*Volume-14, Issue-2, Year-2024 (July-December)*
*PP: 134-138* *ISSN: 2249-040X*

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ :ਮਨੁੱਖੀ ਅਧਿਕਾਰਾਂ ਦੇ ਪ੍ਰਸੰਗ ਵਿੱਚ

**ਅਮਨਪਾਲ ਕੌਰ**
ਅਸਿਸਟੈਂਟ ਪ੍ਰੋਫੈਸਰ
ਪੰਜਾਬੀ ਮਾਤਾਸਾਹਿਬਕੌਰਗਰਲਜ ਕਾਲਜ,ਤਲਵੰਡੀਸਾਬੋ,ਬਠਿੰਡਾ (ਪੰਜਾਬ)

## ਅਬਸਟ੍ਰੈਕਟ

ਗੁਰਮਤਿ ਕਾਵਿ-ਧਾਰਾ ਨਾਲ ਸਬੰਧਤ ਗੁਰੂ ਕਵੀਆਂ ਵਿੱਚ ਸ਼ਾਮਿਲ ਨੌਵੇਂ ਗੁਰੂ ,ਗੁਰੂ ਤੇਗ ਬਹਾਦਰ ਸਾਹਿਬ ਜੀ ਜਿੱਥੇ ਤੇਗ ਦੇ ਧਨੀ ਸਨ ,ਉੱਥੇ ਆਪਣੀ ਬਾਣੀ ਰਾਹੀਂ ਸਮੁੱਚੀ ਲੋਕਾਈ ਨੂੰ ਆਜਾਦੀ,ਸਮਾਨਤਾ,ਧਰਮ ਅਤੇ ਵਿਚਾਰਾਂ ਦੀ ਆਜਾਦੀ ਆਦਿ ਮਨੁੱਖੀ ਅਧਿਕਾਰਾਂ ਪ੍ਰਤੀ ਚੇਤੰਨ ਕਰਦੇ ਹਨ। ਕਿਉਂਕਿ ਉਹਨਾਂ ਦੀ ਬਾਣੀ ਸਿਰਫ ਅਧਿਆਤਮਿਕਤਾ ਦੀ ਗੱਲ ਨਹੀਂ ਕਰਦੀ ਬਲਕਿ ਮਨੁੱਖ ਦੇ ਮੁੱਢਲੇ ਅਧਿਕਾਰਾਂ ਦੀ ਗੱਲ ਕਰਦੀ ਨਿਡਰ ਜੀਵਨ ਜੀਉਣ ਦੀ ਪ੍ਰੇਰਨਾ ਵੀ ਦਿੰਦੀ ਹੈ। ਇਸ ਤਰ੍ਹਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਬਲੀਦਾਨ ਵਿਸ਼ਵ ਇਤਿਹਾਸ ਵਿੱਚ ਇਕ ਅਨੂਠੀ ਤੇ ਅਨੋਖੀ ਘਟਨਾ ਹੈ।

## ਭੂਮਿਕਾ

ਸਿੱਖ ਧਰਮ ਦੁਨੀਆ ਦਾ ਸਭ ਤੋਂ ਨਵਾਂ ,ਸਭ ਨੂੰ ਜੋੜਨ ਵਾਲਾ ,ਸੇਵਾ ਅਤੇ ਸੁਰੱਖਿਆ ਦਾ ਅਲੰਬਰਦਾਰ ਅਜਿਹਾ ਧਰਮ ਹੈ ਜੋ ਕਿ ਪੂਰੀ ਦੁਨੀਆ ਨੂੰ ਹੱਕ –ਸੱਚ ਲਈ ਜਾਨ ਨਿਛਾਵਰ ਕਰਨ ਦਾ ਸੁਨੇਹਾ ਦਿੰਦਾ ਹੈ। ਸਿੱਖ ਧਰਮ ਦਾ ਉੱਚਾ ਸੁੱਚਾ ਫਲਸਫਾ ਨਾ ਕੇਵਲ ਆਪਣੇ ਧਰਮ ਦੀ ਰਾਖੀ ਦੀ ਗੱਲ ਕਰਦਾ ਹੈ ਸਗੋਂ ਦੂਜੇ ਦੇ ਧਰਮ ਦੀ ਰਾਖੀ ਲਈ ਆਪਣੀ ਜਾਨ ਨਿਛਾਵਰ ਕਰਨ ਦਾ ਮਾਣ ਵੀ ਰਖੱਦਾ ਹੈ। ਗੁਰੂ ਤੇਗ ਬਹਾਦਰ ਜੀ ਦਾ ਜੀਵਨ ਇਸ ਦੀ ਵੱਡੀ ਮਿਸਾਲ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਮੱਨੁਖੀ ਅਧਿਕਾਰਾਂ ਦੀ ਵਿਸ਼ਵਵਿਆਪੀ ਧਾਰਨਾ ਦੇ ਸੰਸਥਾਪਕਾਂ ਵਿੱਚੋਂ ਇਕ ਮੰਨਿਆ ਜਾ ਸਕਦਾ ਹੈ। ਭਾਰਤ ਦੇ ਮੱਧਕਾਲੀ ਇਤਿਹਾਸ ਦੀਆਂ ਘਟਨਾਵਾਂ ਵਿੱਚ ਨਵੰਬਰ 1675 ਵਿੱਚ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਉਹਨਾਂ ਦੇ ਤਿੰਨ ਸਾਥੀਆਂ ਭਾਈ ਮਤੀ ਦਾਸ,ਭਾਈ ਸਤੀ ਦਾਸ ਅਤੇ ਭਾਈ ਦਿਆਲ ਦਾਸ ਵਲੋਂ ਦਿੱਤੀ ਗਈ ਸ਼ਹਾਦਤ ਮੁਗਲ ਰਾਜ ਦੀ ਦਮਨਕਾਰੀ ਸ਼ਕਤੀ ਦਾ ਵਿਰੋਧ ਅਤੇ ਵਿਸ਼ਵ ਪੱਧਰ ਤੇ ਮਨੁੱਖੀ ਅਧਿਕਾਰ ਅੰਦੋਲਨ ਦੀ ਸ਼ੁਰੂਆਤ ਕਿਹਾ ਜਾ ਸਕਦਾ ਹੈ।

ਮੱਨੁਖੀ ਅਧਿਕਾਰਾਂ ਦਾ ਸਭ ਤੋਂ ਮੁੱਢਲਾ ਤੇ ਬੁਨਿਆਦੀ ਅਸੂਲ ਜੀਵਨ ਦਾ ਅਧਿਕਾਰ ਹੈ। ਕੋਈ ਵੀ ਰਾਜ,ਧਰਮ ਜਾਂ ਵਿਅਕਤੀ ਉਸ ਤੋਂ ਇਹ ਹੱਕ ਖੋਹ ਨਹੀਂ ਸਕਦਾ । ਯੂ.ਐਨ ਓ (Universal Declaration of Human Rights) 1948 ਦੇ ਅਧੀਨ Article 3 ਅਨੁਸਾਰ ਹਰ ਵਿਅਕਤੀ ਨੂੰ ਜੀਵਨ,ਆਜਾਦੀ ਅਤੇ ਸੁਰੱਖਿਆ ਦਾ ਅਧਿਕਾਰ ਹੈ । ਕਿਸੇ ਵੀ ਵਿਅਕਤੀ ਨੂੰ ਕਾਨੂੰਨੀ ਪ੍ਰਕਿਰਿਆ ਤੋਂ ਵਗੈਰ ਨਿੱਜੀ ਜਿੰਦਗੀ ਤੋਂ ਵਾਂਝਾ ਨਹੀਂ ਕੀਤਾ ਜਾ ਸਕਦਾ। ਪਰੰਤੂ ਵਿਚਾਰਯੋਗ ਹੈ ਕਿ ਇਹਨਾਂ ਅਧਿਕਾਰਾਂ ਦੀ ਕਾਨੂੰਨੀ ਤੌਰ ਤੇ ਵਿਆਖਿਆ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤੋਂ ਲਗਭਗ 275 ਸਾਲਾਂ ਬਾਅਦ ਹੋਈ ਸੀ । ਸੋ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਮੁਗਲ ਰਾਜ ਸੀ ਅਤੇ ਮੁਗਲ ਬਾਦਸ਼ਾਹ ਔਰੰਗਜੇਬ ਧਾਰਮਿਕ ਅਸਹਿਨਸ਼ੀਲਤਾ ਵਿੱਚ ਬਹੁਤ ਕਟੱੜ ਸੀ। ਉਸਦੇ ਸ਼ਾਸ਼ਨ ਕਾਲ ਦੌਰਾਨ ਹਿੰਦੂਆਂ, ਸਿੱਖਾਂ ਅਤੇ ਹੋਰ ਧਰਮਾਂ ਦੇ ਲੋਕਾਂ ਨੂੰ ਜਬਰੀ ਧਰਮ ਪਰਿਵਰਤਨ ਕਰਵਾਕੇ ਮੁਸਲਮਾਨ ਬਣਾਉਣ ਤੋਂ ਗੁਰੇਜ਼ ਨਹੀਂ ਕੀਤਾ ਜਾਂਦਾ ਸੀ। ਇਸ ਕਰਕੇ ਲੋਕ ਉਸ ਸ਼ਾਸ਼ਨਕਾਲ ਵਿੱਚ ਜਿੱਥੇ ਜਬਰੀ ਧਰਮ ਪਰਿਵਰਤਨ ਦਾ ਦੁਖਾਂਤ ਸਹਿ ਰਹੇ ਸਨ ਉੱਥੇ ਆਰਥਿਕ ਤੌਰ ਤੇ ਵੀ ਬਹੁਤ ਖੁਸ਼ਹਾਲ ਨਹੀਂ ਸਨ ਕਿਉਂਕਿ ਮੁਗਲ ਰਾਜ ਸਮੇਂ ਆਰਥਿਕਤਾ ਮੁੱਖ ਤੌਰ ਤੇ ਖੇਤੀਬਾੜੀ ਤੇ ਆਧਾਰਿਤ ਸੀ ਅਤੇ ਕਿਸਾਨਾਂ ਤੋਂ ਲਗਾਨ(ਜ਼ਮੀਨੀ ਕਰ) ਦੀ ਵਸੂਲੀ ਜ਼ਬਤੀ ਪ੍ਰਣਾਲੀ ਰਾਂਹੀ ਕੀਤੀ ਜਾਂਦੀ ਸੀ ਜੋ ਕਿ ਸਖਤ ਹੋਣ ਦੇ ਨਾਲ ਨਾਲ ਬੇ-ਰਹਿਮ ਵੀ ਸੀ। ਇਹ ਕਹਿਣਾ ਕੋਈ ਅਤਕਥਨੀ ਨਹੀਂ ਹੋਵੇਗਾ ਕਿ ਇਸ ਸਮੇਂ ਮੱਨੁਖੀ ਅਧਿਕਾਰਾਂ ਦੀ ਗੱਲ ਨਾਮਾਤਰ ਸੀ। ਅਜਿਹੇ


**© Copyright @ Authors**

**Academe** *Journal of Education & Psychology*
*Volume-14, Issue-2, Year-2024 (July-December)*
*PP: 134-138* *ISSN: 2249-040X*

ਸਮੇਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਮਨੁੱਖੀ ਅਧਿਕਾਰਾਂ ਲਈ ਦਿੱਤੀ ਕੁਰਬਾਨੀ ਪੂਰੀ ਦੁਨੀਆ ਵਿੱਚ ਵਿਲੱਖਣ ਹੋਂਦ ਤੇ ਪਛਾਣ ਰਖੱਦੀ ਹੈ।

ਸਿੱਖਾਂ ਦੇ ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਨੂੰ ਵਾਚਦਿਆਂ ਅਸੀਂ ਵੇਖਦੇ ਹਾਂ ਕਿ ਬਚਪਨ ਤੋਂ ਹੀ ਗੁਰੂ ਤੇਗ ਬਹਾਦਰ ਸਾਹਿਬ ਜੀ ਸੁਭਾ ਪੱਖੋਂ ਬੜੇ ਤਿਆਗੀ ਅਤੇ ਵੈਰਾਗ ਦੀਆਂ ਭਾਵਨਾਂਵਾਂ ਵਾਲੀ ਉੱਚੀ ਸ਼ਖਸ਼ੀਅਤ ਸਨ। ਪਰੰਤੂ ਬਹਾਦਰੀ ਦਿਖਾਉਂਦੇ ਹੋਏ 13-14 ਸਾਲ ਦੀ ਉਮਰ ਵਿੱਚ ਉਹਨਾਂ ਨੇ ਆਪਣੇ ਪਿਤਾ ਗੁਰੂ ਹਰਿ ਗੋਬਿੰਦ ਸਾਹਿਬ ਨਾਲ ਯੁੱਧ ਵਿੱਚ ਜੌਹਰ ਵੀ ਵਿਖਾਏ ਸਨ। ਦੱਸਣ ਯੋਗ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮੁਗਲ ਸਾਮਰਾਜ ਦੁਆਰਾ ਕਰਤਾਰਪੁਰ ਸਾਹਿਬ ਦੀ 1635 ਈ ਵਿੱਚ ਘੇਰਾਵੰਦੀ ਖਿਲਾਫ ਅਤੇ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗੁਰਗੱਦੀ ਦੇ ਆਖਰੀ ਸਮੇਂ ਲੜੇ ਗਏ ਯੁੱਧ ਵਿੱਚ ਇਕ ਟੁਕੜੀ ਦੀ ਸਫਲ ਅਗਵਾਈ ਕੀਤੀ। ਇਸ ਤਰ੍ਹਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਤੇਗ ਦੇ ਵੀ ਧਨੀ ਸਨ। ਹੱਕਾਂ ਦੀ ਰਾਖੀ ਲਈ ਦਿੱਤੀ ਉਹਨਾਂ ਦੀ ਕੁਰਬਾਨੀ ਸਮੁੱਚੀ ਮਾਨਵਤਾ ਲਈ ਹੀ ਆਪਣੇ ਹੱਕਾਂ ਦੇ ਨਾਲ ਦੂਸਰੇ ਦੇ ਹੱਕਾਂ ਲਈ ਵੀ ਮਰ ਮਿਟਣ ਦਾ ਜ਼ਜਬਾ ਪੈਦਾ ਕਰਦੀ ਰਹੇਗੀ।

## ਵਿਚਾਰ – ਚਰਚਾ

ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜਨਮ' ਅੰਮ੍ਰਿਤਸਰ ਵਿਖੇ 1621 ਈਸਵੀ ਨੂੰ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਘਰ ਮਾਤਾ ਨਾਨਕੀ ਜੀ ਦੀ ਕੁਖੋਂ ਹੋਇਆ । ਇਹਨਾਂ ਦੇ ਸੁਭਾ ਵਿੱਚ ਬਚਪਨ ਤੋਂ ਹੀ ਤਿਆਗ ਅਤੇ ਵੈਰਾਗ ਦੀ ਭਾਵਨਾ ਵਸੀ ਹੋਈ ਸੀ। ਇਹਨਾਂ ਦਾ ਵਿਆਹ 1632 ਈਸਵੀ ਵਿੱਚ ਕਰਤਾਰਪੁਰ ਦੇ ਵਸਨੀਕ ਭਾਈ ਲਾਲ ਚੰਦ ਦੀ ਬੇਟੀ ਗੁਜਰੀ ਨਾਲ ਹੋ ਗਿਆ । 1644 ਈਸਵੀ ਨੂੰ ਆਪਣੇ ਪਿਤਾ ਗੁਰੂ ਹਰਗੋਬਿੰਦ ਸਾਹਿਬ ਦੇ ਦੇਹਾਂਤ ਤੋਂ ਮਗਰੋਂ ਇਹ ਆਪਣੀ ਪਤਨੀ ਅਤੇ ਮਾਤਾ ਸਹਿਤ ਅੰਮ੍ਰਿਤਸਰ ਦੇ ਬਕਾਲਾ ਪਿੰਡ ਵਿੱਚ ਆ ਵਸੇ। ਇਹ ਪਿੰਡ ਬਾਦ ਵਿੱਚ ਬਾਬਾ ਬਕਾਲਾ ਦੇ ਨਾਮ ਨਾਲ ਪ੍ਰਸਿੱਧ ਹੋਇਆ। '(1)

ਗੁਰੂ ਤੇਗ ਬਹਾਦਰ ਸਾਹਿਬ ਜੀ ਨੋਵੇਂ ਸਿੱਖ ਗੁਰੂ ਦੇ ਰੂਪ ਵਿੱਚ ਗੁਰ ਗੱਦੀ ਦੇ ਵਾਰਿਸ ਬਣੇ। ਅਤੇ ਹੋਰ ਬਹੁਤ ਸਾਰੇ ਧਾਰਮਿਕ ਕੰਮਾਂ ਦੇ ਨਾਲ '1666 ਈਸਵੀ ਨੂੰ ਇੰਨ੍ਹਾਂ ਨੇ ਸਤਲੁਜ ਨਦੀ ਦੇ ਕੰਢੇ ਵੱਸੇ ਪਿੰਡ ਮਾਖੋਵਾਲ ਦੀ ਧਰਤੀ ਨੂੰ ਪਹਾੜੀ ਰਾਜਿਆਂ ਪਾਸੋਂ ਖਰੀਦ ਕੇ ਆਨੰਦਪੁਰ ਵਸਾਇਆ। ਇਸ ਤੋਂ ਉਪਰੰਤ ਇਨ੍ਹਾਂ ਨੇ ਧਰਮ ਪ੍ਰਚਾਰ ਲਈ ਦੂਰ ਦੂਰਾਡੇ ਇਲਾਕਿਆਂ ਦੀ ਯਾਤਰਾ ਕੀਤੀ। ਇਹ ਮਾਲਵਾ ਅਤੇ ਬਾਂਗਰ ਦੇ ਖੇਤਰਾਂ ਵਿਚੋਂ ਲੰਘਦੇ ਹੋਏ ਅਲਾਹਾਬਾਦ,ਵਾਰਾਣਸੀ,ਪਟਨਾ ਅਤੇ ਗ੍ਯਾ ਆਦਿਕ ਥਾਵਾਂ ਉੱਤੇ ਗਏ। ਇਸ ਤੋਂ ਬਾਅਦ ਆਪਣੇ ਪਰਿਵਾਰ ਨੂੰ ਪਟਨੇ ਛੱਡ ਕੇ ਇਹ ਢਾਕੇ ਅਤੇ ਬੰਗਾਲ ਵੱਲ ਵੀ ਗਏ। 22 ਦਸੰਬਰ 1666 ਈਸਵੀ ਨੂੰ ਇਨ੍ਹਾਂ ਦੇ ਘਰ ਪੁੱਤਰ ਦਾ ਜਨਮ ਹੋਇਆ ਜਿਸਦਾ ਨਾਮ ਗੋਬਿੰਦ ਰਾਇ ਰੱਖਿਆ ਗਿਆ। 1668 ਈਸਵੀ ਨੂੰ ਇਹ ਆਨੰਦਪੁਰ ਪਰਤ ਆਏ ਅਤੇ ਮਗਰੋਂ 1672 ਈਸਵੀ ਨੂੰ ਇਨ੍ਹਾਂ ਨੇ ਆਪਣਾ ਪਰਿਵਾਰ ਵੀ ਉੱਥੇ ਬੁਲਾ ਲਿਆ ।

ਗੁਰੂ ਤੇਗ ਬਹਾਦਰ ਸਾਹਿਬ ਨੇ ਸਿੱਖ ਧਰਮ ਦੇ ਪ੍ਰਚਾਰ ਹਿੱਤ ਸਮੁੱਚੇ ਪੰਜਾਬ ਅਤੇ ਪੂਰਬ ਤੱਕ ਯਾਤਰਾਂਵਾ ਕੀਤੀਆਂ । ਇਨ੍ਹਾਂ ਯਾਤਰਾਵਾਂ ਨਾਲ ਸਿੱਖ ਧਰਮ ਨੂੰ ਅਥਾਹ ਬਲ ਮਿਲਿਆ । ਕਿਉਂਕਿ ਇਸ ਨਾਲ ਸਿੱਖ ਧਰਮ ਦੀ ਸਿਫਤ ਦੇਸ਼ ਦੇ ਕੋਨੇ ਕੋਨੇ ਤੱਕ ਫੈਲ ਗਈ। ਆਨੰਦਪੁਰ ਦੀ ਧਰਤੀ ਤੇ ਵੀ ਮੇਲੇ ਲੱਗੇ ਰਹਿੰਦੇ । ਪਰੰਤੂ ਉਸ ਸਮੇਂ ਦੇ ਰਾਜਨੀਤਿਕ ਹਾਲਾਤ ਕਿਉਂਕਿ ਸੁਖਾਂਵੇਂ ਨਹੀਂ ਸਨ। ਔਰੰਗਜੇਬ ਦੇ ਜੁਲਮ ਵੱਧਦੇ ਜਾ ਰਹੇ ਸਨ। ਮਨੁੱਖਾ ਜੀਵਨ ਤਰ੍ਹਾਂ-ਤਰ੍ਹਾਂ ਦੀਆਂ ਪਾਬੰਦੀਆਂ ਵਿੱਚ ਨਪੀੜਿਆ ਜਾ ਰਿਹਾ ਸੀ। ਅਜਿਹੇ ਸਮੇਂ ਆਮ ਲੋਕਾਈ ਦਾ ਸਾਹ ਲੈਣਾ ਔਖਾ ਹੋ ਰਿਹਾ ਸੀ। ਔਰੰਗਜੇਬ ਆਪਣੀ ਤਲਵਾਰ ਦੇ ਜੋਰ ਤੇ ਪੂਰੇ ਹਿੰਦੂਸਤਾਨ ਨੂੰ 'ਦਾਰੁਲ ਇਸਲਾਮ'ਭਾਵ ਇਸਲਾਮ ਦਾ ਘਰ ਬਣਾਉਣਾ ਚਾਹੁੰਦਾ ਸੀ। ਇਸ ਸਮੇਂ ਜੁਲਮ ਦੇ ਸਤਾਏ ਕਸ਼ਮੀਰੀ ਪੰਡਤ ਆਸਰਾ ਭਾਲਦੇ ਪੰਡਤ ਕਿਰਪਾ ਰਾਮ ਦੀ ਅਗਵਾਈ ਵਿੱਚ ਗੁਰੂ ਦਰਬਾਰ ਗੁਰੂ ਤੇਗ ਬਹਾਦਰ ਕੋਲ ਪਹੁੰਚੇ। ਗੁਰੂ ਜੀ ਨੇ ਕਸ਼ਮੀਰੀ ਪੰਡਤਾਂ ਦੀ ਵਿਥਿਆ ਸੁਣ ਕੇ ਇਹ ਬਚਨ ਕੀਤਾ ਕਿ ਇਨ੍ਹਾਂ ਦੇ ਬਚਾਅ ਲਈ ਕਿਸੇ ਮਹਾਂਪੁਰਖ ਦੀ ਕੁਰਬਾਨੀ ਦੇਣੀ ਲਾਜਮੀ ਹੈ। ਉਸ ਸਮੇਂ ਗੋਬਿੰਦ ਰਾਏ ਭਾਵੇਂ ਛੋਟੀ ਉਮਰ ਦੇ ਸਨ ਪਰੰਤੂ ਆਪਣੀ ਵੱਡੀ ਸਮਝ ਦੇ ਨਾਲ ਉਹਨ੍ਹਾਂ ਨੇ ਕਿਹਾ ਕਿ ਆਪ ਤੋਂ ਵੱਡਾ ਮਹਾਂਪੁਰਖ ਹੋਰ ਕੌਣ ਹੋ ਸਕਦਾ ਹੈ। ਉਹਨ੍ਹਾਂ ਕਸ਼ਮੀਰੀ ਪੰਡਤਾਂ ਨੂੰ ਸੰਬੋਧਿਤ ਹੋਕੇ ਕਿਹਾ ਕਿ ਮੁਗਲ ਹਾਕਮਾਂ ਨੂੰ ਕਹਿ ਦਿਓ ਕਿ ਜੇਕਰ ਗੁਰੂ ਤੇਗ ਬਹਾਦਰ ਮੁਸਲਮਾਨ ਬਣ ਜਾਵੇ ਤਾਂ ਉਹ ਸਾਰੇ ਵੀ ਇਸਲਾਮ ਕਬੂਲ ਕਰ ਲੈਣਗੇ। 1675 ਈਸਵੀ ਨੂੰ ਬਾਦਸ਼ਾਹ ਔਰੰਗਜੇਬ ਦੀ ਕਟੱੜ ਮਜ਼ਬੀ ਨੀਤੀ ਅਤੇ


**© Copyright @ Authors**

**Academe** *Journal of Education & Psychology*
*Volume-14, Issue-2, Year-2024 (July-December)*
*PP: 134-138* *ISSN: 2249-040X*

ਸਮੂਹਿਕ ਧਰਮ-ਪਰਿਵਰਤਨ ਦੀ ਮੁਹਿੰਮ ਦੇ ਵਿਰੁੱਧ ਅਤੇ ਕਸ਼ਮੀਰੀ ਪੰਡਤਾਂ ਵਲੋਂ ਦਾਦ ਫ਼ਰਿਆਦ ਸੁਣ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਆਪਣੇ ਕੁਝ ਸਿੱਖਾਂ ਨੂੰ ਨਾਲ ਲੈਕੇ ਦਿੱਲੀ ਵੱਲ ਰਵਾਨਾ ਹੋ ਗਏ। '(2)

ਬਾਦਸ਼ਾਹ ਔਰੰਗਜੇਬ ਨੇ ਗੁਰੂ ਤੇਗ ਬਹਾਦਰ ਜੀ ਨੂੰ ਬੰਦੀ ਬਣਾ ਲਿਆ ਅਤੇ ਇਸਲਾਮ ਕਬੂਲ ਕਰਨ ਲਈ ਆਖਿਆ । ਉਹਨ੍ਹਾਂ ਨੂੰ ਬਹੁਤ ਲਾਲਚ ਅਤੇ ਡਰਾਵੇ ਦਿੱਤੇ ਗਏ। ਪਰੰਤੂ ਗੁਰੂ ਜੀ ਵਲੋਂ ਦ੍ਰਿੜਤਾ ਨਾਲ ਇਨਕਾਰ ਕਰਨ ਤੇ ਉਹਨਾਂ ਨੂੰ ਦਿੱਲੀ ਕੋਤਵਾਲੀ ਦੇ ਨੇੜੇ 11 ਨਵੰਬਰ 1675 ਈਸਵੀ ਨੂੰ ਸ਼ਹੀਦ ਕਰ ਦਿੱਤਾ ਗਿਆ। ਉਹਨਾਂ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਭਾਈ ਮਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਵੀ ਘੋਰ ਤਸੀਹੇ ਦੇਕੇ ਸਹੀਦ ਕੀਤਾ ਗਿਆ,ਤਾਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਆਪਣੇ ਇਰਾਦੇ ਤੋਂ ਡੋਲ ਜਾਣ ਪਰੰਤੂ ਗੁਰੂ ਜੀ ਨੂੰ ਉਹਨਾਂ ਦੇ ਅਕੀਦੇ ਤੋਂ ਪਿੱਛੇ ਹਟਾਉਣਾ ਨਾਮੁਮਕਿਨ ਸੀ। ਇਸ ਕਰਕੇ ਗੁਰੂ ਜੀ ਨੂੰ ਵੀ ਸ਼ਹੀਦ ਕੀਤਾ ਗਿਆ। ਇੱਥੇ ਜਿਕਰਯੋਗ ਹੈ ਕਿ 'ਜਿਸ ਤਰੀਕੇ ਨਾਲ ਗੁਰੂ ਜੀ ਨੂੰ ਸ਼ਹੀਦ ਕੀਤਾ ਗਿਆ ,ਇਹ ਮੁਗਲ ਢੰਗਾਂ ਅਨੁਸਾਰ ਵੀ ਬਹੁਤ ਜਾਲਮਾਨਾ ਸੀ । ਪਹਿਲਾਂ ਗੁਰੂ ਜੀ ਦੇ ਸਾਥੀ ਸਿੱਖ ਉਹਨਾਂ ਦੀ ਹਾਜਰੀ ਵਿੱਚ ਮੌਤ ਦੇ ਘਾਟ ਉਤਾਰ ਦਿੱਤੇ ਗਏ। ਭਾਈ ਮਤੀ ਦਾਸ ਨੂੰ ਸਿੱਧਿਆਂ ਖੜੇ ਕਰਕੇ ਉਸ ਦੇ ਸਿਰ ਉੱਤੇ ਆਰਾ ਚਲਾ ਕੇ ਉਸ ਨੂੰ ਦੋਫਾੜ ਕਰ ਦਿੱਤਾ ਗਿਆ। ਭਾਈ ਦਿਆਲ ਦਾਸ ਨੂੰ ਉਬਲਦੇ ਤੇਲ ਦੇ ਕੜਾਹੇ ਵਿੱਚ ਸੁੱਟ ਦਿੱਤਾ ਗਿਆ। ਭਾਈ ਸਤੀ ਦਾਸ ਨੂੰ ਇੱਕ ਖੰਬੇਂ ਨਾਲ ਬੰਨ ਕੇ ਰੂੰ ਵਿੱਚ ਲਪੇਟ ਦਿੱਤਾ ਗਿਆ ਤੇ ਫਿਰ ਅੱਗ ਲਗਾ ਉਸ ਨੂੰ ਜਿੰਦਾ ਸਾੜ ਦਿੱਤਾ ਗਿਆ । ਇਸ ਸਾਰੇ ਜਾਲਮਾਨਾ ਵਰਤਾਰੇ ਵਿੱਚ ਗੁਰੂ ਜੀ ਅਡੋਲ ਰਹੇ । ....ਗੁਰੂ ਜੀ ਨੂੰ ਆਪਣੇ ਇਰਾਦੇ ਉੱਤੇ ਅੱਟਲ ਵੇਖਦਿਆਂ ,...11 ਨਵੰਬਰ 1675 ਨੂੰ ਮੁਗਲ ਅਧਿਕਾਰੀਆਂ ਨੇ ਜੱਲਾਦ ਨੂੰ ਹੁਕਮ ਦਿੱਤਾ ਕਿ ਉਹ ਗੁਰੂ ਜੀ ਦਾ ਸਿਰ ਉਨਾਂ ਦੇ ਧੜ ਨਾਲੋਂ ਅਲੱਗ ਕਰ ਦੇਵੇ। ਤਦ ਜਲਾਲ-ਉਦ-ਦੀਨ ਨਾਮੀ ਜਲਾੱਦ ਨੇ ਗੁਰੂ ਜੀ ਦਾ ਸਿਰ ਕਲਮ ਕਰ ਦਿੱਤਾ। '(3) ਦਿੱਲੀ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਥਾਨ ਅਤੇ ਸੰਸਕਾਰ ਸਥਾਨ ਉੱਤੇ ਗੁਰਦੁਆਰਾ ਸੀਸ ਗੰਜ ਅਤੇ ਗੁਰਦੁਆਰਾ ਰਕਾਬ ਗੰਜ ਉੱਸਰੇ ਹੋਏ ਹਨ।

ਤਿਲਕ ਅਤੇ ਜੰਞੂ ਦੀ ਰਾਖੀ ਲਈ ਗੁਰੂ ਤੇਗ ਬਹਾਦਰ ਜੀ ਵਰਗੀ ਸ਼ਖਸ਼ੀਅਤ ਦਾ ਸ਼ਹੀਦ ਹੋਣਾ ਅਸਲ ਵਿੱਚ ਧਾਰਮਿਕ ਆਜਾਦੀ ਲਈ ਦਿੱਤੀ ਗਈ ਅਜਿਹੀ ਕੁਰਬਾਨੀ ਸੀ ਜਿਸ ਦੀ ਮਿਸਾਲ ਸੰਸਾਰ ਦੇ ਇਤਿਹਾਸ ਵਿੱਚ ਲੱਭਣੀ ਮੁਸ਼ਕਿਲ ਹੈ । ਧਾਰਮਿਕ ਜਨੂੰਨ ਹੱਥੋਂ ਸਤਾਏ ਹੋਏ ਅਤੇ ਮਨੁੱਖਤਾ ਨੂੰ ਪਿਆਰ ਕਰਨ ਵਾਲੇ ਲੋਕਾਂ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਬਿੰਬ 'ਹਿੰਦ ਦੀ ਚਾਦਰ' ਦੇ ਰੂਪ ਵਿੱਚ ਵਸਿਆ ਹੋਇਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਸਵੈਜੀਵਨੀ ਮੂਲਕ ਰਚਨਾ 'ਬਚਿੱਤਰ ਨਾਟਕ' ਵਿੱਚ ਗੁਰੂ ਤੇਗ ਬਹਾਦਰ ਜੀ ਦੇ ਬਲੀਦਾਨ ਨੂੰ ਧਰਮ ਦੀ ਜਿੱਤ,ਅਨਿਆਏ ਦੇ ਵਿਰੋਧ, ਅਤੇ ਹੱਕ-ਸੱਚ ਲਈ ਦਿੱਤੀ ਵੱਡੀ ਕੁਰਬਾਨੀ ਕਹਿੰਦਿਆਂ ਲਿਖਿਆ ਹੈ ਕਿ-

ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭੁਪੁਰ ਕੀਆ ਪਯਾਨ।

ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ। (4)

ਦੱਸਣਯੋਗ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਕਾਰਣ ਇਤਿਹਾਸਕ ਤੌਰ ਤੇ ਵੱਡਾ ਪ੍ਰਭਾਵ ਇਹ ਹੋਇਆ ਕਿ ਹੁਣ ਸਮੂਹ ਲੋਕਾਈ ਦੇ ਸਾਹਮਣੇ ਮੁਗਲ ਰਾਜ ਦੇ ਇਸਲਾਮੀ ਕਟੱੜਵਾਦ ਦਾ ਪਰਦਾਫਾਸ਼ ਹੋ ਗਿਆ। ਲੋਕਾਈ ਵਿੱਚ ਔਰੰਗਜੇਬ ਪ੍ਰਤੀ ਨਫਰਤ ਦੀ ਲਹਿਰ ਪੈਦਾ ਹੋ ਗਈ। ਇਸ ਸ਼ਹਾਦਤ ਨੇ ਇਕ ਅਜਿਹੀ ਲਹਿਰ ਖੜੀ ਕਰ ਦਿੱਤੀ ਜੋ ਅੱਗੇ ਚੱਲ ਕੇ ਖਾਲਸੇ ਦੀ ਸਾਜਣਾ ਦੇ ਰੂਪ ਵਿੱਚ ਸਾਹਮਣੇ ਆਈ ਅਤੇ ਮਨੁੱਖੀ ਹੱਕਾਂ (ਅਧਿਕਾਰਾਂ) ਦੀ ਮੁੱਦਈ ਬਣੀ। ਮੱਨੁਖੀ ਅਧਿਕਾਰਾਂ ਲਈ ਵੱਡੀਆਂ ਜੰਗਾਂ ਲੜਣ ਵਾਲੀ ਇਹ ਲਹਿਰ ਸਮੁੱਚੀ ਕੌਮ ਅਤੇ ਪੰਜਾਬੀਅਤ ਦਾ ਕਿਰਦਾਰ ਹੈ।

ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਨ ਕਵੀ ਅਤੇ ਚਿੰਤਕ ਵੀ ਸਨ। ਉਹਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਦੇ 15 ਰਾਗਾਂ (ਗਉੜੀ ਰਾਗ,ਆਸਾ ਰਾਗ,ਦੇਵਗੰਧਾਰੀ ਰਾਗ,ਬਿਹਾਗੜਾ ਰਾਗ,ਸੋਰਠ ਰਾਗ,ਧਨਾਸਰੀ ਰਾਗ,ਜੈਤਸਰੀ ਰਾਗ,ਟੋਡੀ ਰਾਗ,ਤਿਲੰਗ ਰਾਗ,ਬਿਲਾਵਲ ਰਾਗ,ਰਾਮਕਲੀ ਰਾਗ,ਮਾਰੂ ਰਾਗ,ਬਸੰਤ ਰਾਗ,ਸਾਰੰਗ ਰਾਗ, ਅਤੇ ਜੈਜਾਵੰਤੀ ਰਾਗ) ਵਿੱਚ ਦਰਜ ਹੈ । ਰਾਗਾਂ ਵਿੱਚ ਦਰਜ ਪਦਿਆਂ ਤੋਂ ਇਲਾਵਾ ਉਹਨਾਂ ਦੇ


**© Copyright @ Authors**

**Academe** *Journal of Education & Psychology*
*Volume-14, Issue-2, Year-2024 (July-December)*
*PP: 134-138* *ISSN: 2249-040X*

57 ਸ਼ਲੋਕ ਵੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਹਨ ,ਜਿਨ੍ਹਾਂ ਵਿੱਚ ਉਹ ਮਨੁੱਖੀ ਜੀਵਨ ਅਤੇ ਹੋਂਦ ਨਾਲ ਜੁੜੇ ਵੱਡੇ ਸਵਾਲਾਂ ਦਾ ਜਵਾਬ ਬਹੁਤ ਹੀ ਸਹਿਜਮਈ ਤਰੀਕੇ ਨਾਲ ਦਿੰਦੇਂ ਹਨ। ਉਹ ਲਿਖਦੇ ਹਨ ਕਿ-

'ਸਾਧੋ ਰਚਨਾ ਰਾਮ ਬਨਾਈ।।

ਇਕ ਬਿਨਸੈ ਇਕ ਅਸਥਿਰੁ ਮਾਨੈ

ਅਚਰਜੁ ਲਖਿਓ ਨ ਜਾਈ।। 1।। ਰਹਾਉ।।

ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ।।

ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ।। 1 ।।

ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ।।

ਜਨ ਨਾਨਕੁ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ ।। 2 ।। ' (ਅੰਗ-225)

ਇਹਨਾਂ ਪੰਕਤੀਆਂ ਵਿੱਚ ਜਗਤ ਦੀ ਰਚਨਾ ਅਤੇ ਜਗਤ ਵਿੱਚ ਰਹਿਣ ਵਾਲੇ ਮਨੁੱਖਾਂ ਦੀ ਹੋਂਦ ਦੀ ਸਚਾਈ ਬਿਆਨ ਕੀਤੀ ਗਈ ਹੈ ਅਤੇ ਮਨੁੱਖਾਂ ਦੇ ਜੀਵਨ ਦੇ ਅਸਲੀ ਕੰਮ ਵੱਲ ਧਿਆਨ ਕਰਵਾਇਆ ਹੈ । ਜੇਕਰ ਪਰਮਾਤਮਾ ਨੇ ਮਨੁੱਖੀ ਜਾਮਾ ਬਖਸ਼ਿਸ਼ ਕੀਤਾ ਹੈ ਤਾਂ ਇਸ ਦੇ ਨਾਲ ਮਨੁੱਖ ਨੂੰ ਚੰਗੇ ਕੰਮ ਕਰਨ ਦੀ ਸੋਝੀ ਵੀ ਦਿੱਤੀ ਹੈ। ਮਨੁੱਖ ਨੂੰ ਆਪਣੀ ਜਿੰਦਗੀ ਦੇ ਨਾਲ-ਨਾਲ ਦੁਸਰੇ ਮਨੁੱਖਾਂ ਦੇ ਜੀਵਨ ਦਾ ਵੀ ਸਤਿਕਾਰ ਕਰਨਾ ਚਾਹੀਦਾ ਹੈ। ਜੀਵਨ ਚੰਗੇ ਤਰੀਕੇ ਨਾਲ ਜਿਉਣਾ ਮਨੁੱਖ ਦਾ ਮੁਢਲਾ ਅਧਿਕਾਰ ਹੈ ਤਾਂ ਉਸਦਾ ਇਹ ਫਰਜ ਵੀ ਬਣਦਾ ਹੈ ਕਿ ਉਹ ਆਪਣੇ ਕਿਸੇ ਕਰਮ ਨਾਲ ਦੂਜੇ ਦੀ ਜਿੰਦਗੀ ਨੂੰ ਨੁਕਸਾਨ ਨਾ ਪਹੁੰਚਾਵੇ।

ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੀ ਬਾਣੀ ਰੂਪੀ ਸ਼ਬਦਾਂ ਅਤੇ ਮਨੁੱਖਤਾ ਲਈ ਦਿੱਤੀ ਸ਼ਹੀਦੀ ਰਾਂਹੀ ਇਹ ਸਾਬਿਤ ਕੀਤਾ ਕਿ ਧਰਮ ਦੀ ਚੋਣ ਅਤੇ ਆਜਾਦੀ ਮਨੁੱਖ ਦਾ ਜਨਮ ਸਿੱਧ ਅਧਿਕਾਰ ਹੈ। ਉਹਨਾਂ ਦਾ ਕਥਨ ਹੈ-

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ।।

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨ।। (ਪਾਵਨ ਅੰਗ-1427)

ਭਾਵ ਨਾ ਕਿਸੇ ਨੂੰ ਡਰਾਓ ਤੇ ਨਾ ਹੀ ਕਿਸੇ ਤੋਂ ਡਰੋ। ਅਜਿਹਾ ਮਨੁੱਖ ਹੀ ਅਸਲ ਸਿਆਣਾ ਹੈ ਜੋ ਇਸ ਸੱਚ ਨੂੰ ਜਾਣ ਲੈਂਦਾ ਹੈ ਅਤੇ ਆਪਣੇ ਆਤਮ-ਸਨਮਾਨ ਦੇ ਨਾਲ –ਨਾਲ ਦੂਸਰੇ ਦੇ ਸਨਮਾਨ ਦੀ ਵੀ ਕਦਰ ਕਰਦਾ ਹੈ।

ਗੁਰਬਾਣੀ ਸਾਨੂੰ ਸਿਰਫ਼ ਅਧਿਆਤਮਿਕ ਰਸਤਾ ਨਹੀਂ ਦਿਖਾਉਂਦੀ,ਸਗੋਂ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਪ੍ਰੇਰਣਾ ਦਿੰਦੀ ਹੈ। ਇਸ ਤਰ੍ਹਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਮਨੁੱਖੀ ਆਜਾਦੀ,ਸਮਾਨਤਾ ਅਤੇ ਮਰਿਆਦਾ ਦਾ ਘੋਸ਼ਣਾਪੱਤਰ ਹੈ। ਉਹ ਲਿਖਦੇ ਹਨ-

ਜਿਨਿ ਜਨਿ ਪਰਮੇਸਰੁ ਧਿਆਇਆ,ਤਿਨਿ ਲੋਕ ਉਧਰਣੁ ਕੀਓ।। (ਪਾਵਨ ਅੰਗ 1428)

ਭਾਵ ਕਿ ਜੋ ਮਨੁੱਖ ਸੱਚਾ ਸੁਚੱਾ ਜੀਵਨ ਜਿਉਂਦਾ ਹੈ ਅਤੇ ਪਰਮਾਤਮਾ ਨੂੰ ਚੇਤੇ ਰੱਖਦਾ ਹੈ ਉਹ ਸਭ ਦੀ ਭਲਾਈ ਵੀ ਕਰਦਾ ਹੈ ਕਿਉਂਕਿ ਉਸਨੂੰ ਸਭ ਵਿੱਚ ਉਸ ਪਰਮਾਤਮਾ ਦੇ ਹੀ ਦਿਦਾਰ ਹੁੰਦੇ ਹਨ। ਇਸੇ ਕਰਕੇ ਉਹ ਆਪਣੀ ਬਾਣੀ ਰਾਹੀਂ ਮਨੁੱਖ ਨੂੰ ਜਾਤ-ਪਾਤ ਤੋਂ ਉੱਪਰ ਉਠ ਕੇ ਸਾਰੇ ਮੱਨੁਖਾਂ ਦਾ ਸਤਿਕਾਰ ਕਰਨ ਦਾ ਸੰਦੇਸ਼ ਦਿੰਦੇ ਹਨ। ਉਹਨਾਂ ਦਾ ਕਥਨ ਹੈ –

ਜਾਤਿ ਕਾ ਗਰਬੁ ਨ ਕਰਿ ਮੂੜੇ,ਜਾਤਿ ਨਾ ਦੇਈ ਨਾਓ।। (ਪਾਵਨ ਅੰਗ-1127)

ਅਜੋਕੇ ਸਮੇਂ ਵਿੱਚ ਜਦੋਂ ਧਾਰਮਿਕ ਅਸਹਿਨਸ਼ੀਲਤਾ ਘੱਟਦੀ ਜਾ ਰਹੀ ਹੈ ਅਤੇ ਵਿਸ਼ਵ ਪੱਧਰ ਤੇ ਹੀ ਧਰਮਾਂ ਦੇ ਨਾਮ ਤੇ ਨਫਰਤ ਵੱਧ ਰਹੀ ਹੈ,ਅਜਿਹੇ ਸਮੇਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਮੱਨੁਖਤਾ ਦਾ ਪਾਠ ਸਿਖਾਉਂਦੀ ਹੈ। ਇਸੇ ਤਰਾਂ ਜਾਤ-ਪਾਤ ਆਦਿ ਦੇ ਨਾਮ ਤੇ ਅੱਜ ਵੀ ਭੇਦਭਾਵ ਬਾਰੇ ਅਸੀਂ ਪੜਦੇ ਸੁਣਦੇ ਰਹਿੰਦੇ ਹਾਂ। ਗੁਰੂ ਜੀ ਦੀ ਬਾਣੀ ਸਾਨੂੰ ਸਮਾਨਤਾ ਦਾ ਸਬਕ ਸਿਖਾਉਂਦੀ ਹੈ। ਇਸੇ ਤਰ੍ਹਾਂ ਇਹ ਕਹਿਣਾ ਕੋਈ ਅਤਿਕਥਨੀ


**© Copyright @ Authors**

ਨਹੀਂ ਕਿ ਗੁਰੂ ਤੇਗ ਬਹਾਦਰ ਸਾਹਿਬ ਦਾ ਜੀਵਨ ਸਾਨੂੰ ਸੱਚ ਅਤੇ ਇਨਸਾਫ ਲਈ ਅਡੋਲ ਖੜ੍ਹੇ ਰਹਿਣ ਦੀ ਪ੍ਰੇਰਨਾ ਦਿੰਦਾ ਹੈ। ਕਿਉਂਕਿ 'ਪਾਵਨ ਗ੍ਰੰਥ ਵਿੱਚ ਮਨੁੱਖ ਦੇ ਸਮਾਜਿਕ ਅਤੇ ਸਭਿਆਚਾਰਕ ਜੀਵਨ ਨੂੰ ਪ੍ਰੇਰਿਤ ਅਤੇ ਪ੍ਰਭਾਵਿਤ ਕਰਨ ਦੀ ਅਥਾਹ ਸੰਭਾਵਨਾ ਛੁਪੀ ਹੁੰਦੀ ਹੈ। ਹਰ ਧਾਰਮਿਕ ਭਾਈਚਾਰਾ ਰੂਹਾਨੀ ਅਤੇ ਨੈਤਿਕ ਅਗਵਾਈ ਲਈ ਬਾਰ-ਬਾਰ ਆਪਣੇ ਪਾਵਨ ਗ੍ਰੰਥਾਂ ਵੱਲ ਪਰਤਦਾ ਹੈ ਅਤੇ ਨਿਰੰਤਰ ਤਬਦੀਲ ਹੋ ਰਹੀਆਂ ਇਤਿਹਾਸਕ ਸਥਿਤੀਆਂ ਅਨੁਸਾਰ ਉਨ੍ਹਾਂ ਦੀ ਪੁਨਰ ਵਿਆਖਿਆ ਕਰਨ ਵਲ ਵੀ ਰੁਚਿਤ ਹੁੰਦਾ ਹੈ। ਵਿਰਸੇ ਨੂੰ ਵਰਤਮਾਨ ਵਿੱਚ ਸਾਰਥਕ ਅਤੇ ਪ੍ਰਾਸੰਗਿਕ ਬਣਾ ਕੇ ਗ੍ਰਹਿਣ ਕਰਨ ਦੀ ਸੁਭਾਵਿਕ ਲੋਚਾ ਹੀ ਕਿਸੇ ਧਾਰਮਿਕ ਪਰੰਪਰਾ ਦੇ ਪ੍ਰਗਤੀਸ਼ੀਲ ਅਤੇ ਜੀਵੰਤ ਹੋਣ ਦੀ ਨਿਸ਼ਾਨੀ ਹੈ। ਇਤਿਹਾਸ ਦੇ ਕਿਸੇ ਦੌਂਦ ਵਿੱਚ ਜਦੋਂ ਕੋਈ ਧਾਰਮਿਕ ਭਾਈਚਾਰਾ ਯਥਾਰਥ ਦੇ ਬਦਲੇ ਹੋਏ ਪਰਿਪੇਖ ਵਿੱਚ ਅਜਿਹਾ ਕਰਨ ਤੋਂ ਖੁੰਝ ਜਾਂਦਾ ਹੈ ਤਾਂ ਕਈ ਵਾਰੀ ਇਤਿਹਾਸਕ ਗਤੀ ਨੂੰ ਪੁੱਠਾ ਗੇੜਾ ਦੇਣ ਵਾਲੀਆਂ ਮੂਲਵਾਦੀ ਪ੍ਰਵਿਰਤੀਆਂ ਉੱਭਰ ਆਉਂਦੀਆਂ ਹਨ ਅਤੇ ਗੰਭੀਰ ਕਿਸਮ ਦੇ ਸਭਿਆਚਾਰਕ ਸੰਕਟ ਨੂੰ ਜਨਮ ਦਿੰਦੀਆਂ ਹਨ। '(5)

ਇਸ ਤਰ੍ਹਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਨਾਲ ਸਬੰਧਤ ਇਕ ਹੋਰ ਮਹੱਤਵਪੂਰਣ ਪ੍ਰਸ਼ਨ ਵਿਚਾਰ ਸਕਦੇ ਹਾਂ। ਪ੍ਰਸ਼ਨ ਇਹ ਹੈ ਕਿ ਮੱਧਕਾਲ ਵਿੱਚ ਸਿਰਜੀ ਗਈ ਇਸ ਬਾਣੀ ਦੀ ਆਧੁਨਿਕ ਕਾਲ ਵਿੱਚ ਕੀ ਸਾਰਥਕਤਾ ਹੋਵੇਗੀ ਅਤੇ ਜਦੋ ਅਸੀਂ ਮਸਨੂਈ ਬੁੱਧੀ ਦੇ ਦੌਰ ਵਿੱਚ ਪਹੁੰਚ ਗਏ ਹਾਂ ਇਸ ਸਮੇ ਅਸੀਂ ਗੁਰੂ ਤੇਗ ਬਰਾਦਰ ਸਾਹਿਬ ਜੀ ਜਾਂ ਸਮੁੱਚੀ ਬਾਣੀ ਵਿੱਚ ਮਨੁੱਖੀ ਹੋਂਦ ਨਾਲ ਜੁੜ੍ਹੇ ਸਵਾਲਾਂ ਦਾ ਜਵਾਬ ਕਿਸ ਰੂਪ ਵਿੱਚ ਪ੍ਰਾਪਤ ਕਰ ਸਕਾਂਗੇ ਕਿਉਂਕਿ ਸਾਡੀਆਂ ਭਵਿੱਖੀ ਪੀੜੀਆਂ ਜੋ ਸਭ ਤਰ੍ਹਾਂ ਨਾਲ ਆਰਟੀਫਿਸ਼ੀਅਲ ਇੰਟਲੀਜੈਂਸੀ ਦੇ ਗੁਲਾਮ ਬਣਦੇ ਜਾ ਰਹੇ ਹਨ,ਉਹ ਇਸ ਸਭ ਬਾਰੇ ਕਿਵੇਂ ਵੇਖਦੇ ਹਨ। ਭਵਿੱਖ ਵਿੱਚ ਇਹ ਸਵਾਲ ਵੀ ਸਾਡੇ ਸਨਮੁੱਖ ਜਰੂਰ ਹੋਵੇਗਾ।

## ਹਵਾਲੇ ਅਤੇ ਟਿਪੱਣੀਆਂ

1. ਜਗਬੀਰ ਸਿੰਘ,'ਗੁਰਮਤਿ ਕਾਵਿ ਦਾ ਇਤਿਹਾਸ'ਪੰਜਾਬੀ ਅਕਾਦਮੀ ਦਿੱਲੀ'ਪੰਨਾਂ-165
2. ਓਹੀ,ਪੰਨਾਂ-166
3. ਸ਼ਬਦ ਬੂੰਦ,ਅਪ੍ਰੈਲ-ਮਈ 2021(ਹਰਿਆਣਾ ਪੰਜਾਬੀ ਸਾਹਿਤ ਅਕਾਦਮੀ) ਪੰਨਾਂ-189
4. Bachittar Natak-In Dasam Granth(Edited by Bhai Vir Singh),Bhai Vir Singh Sahitya Sadan,Page-1698
5. ਜਗਬੀਰ ਸਿੰਘ,'ਗੁਰਮਤਿ ਕਾਵਿ : ਸਿੱਧਾਂਤ ਤੇ ਵਿਹਾਰ'ਚੇਤਨਾ ਪ੍ਰਕਾਸ਼ਨ,ਲੁਧਿਆਣਾ,ਪੰਨਾ-114


**© Copyright @ Authors**